**ਮਾਨਯੋਗ ਕਿਰਤ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਮਿਤੀ 21-8-2008 ਨੂੰ ਦੁਪਹਿਰ 12.00 ਵਜੇ ਕਮਰਾ ਨੰਬਰ 15, ਤੀਜੀ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਵਿਖੇ ਹੋਈ 43ਵੀਂ ਮੀਟਿੰਗ ਦੀ ਕਾਰਵਾਈ ਰਪੋਟ।**

ਪੰਜਾਬ ਲੇਬਰ ਵੈਲਫੇਅਰ ਬੋਰਡ ਦੀ 43ਵੀਂ ਮੀਟਿੰਗ ਮਾਨਯੋਗ ਸ੍ਰੀ ਤੀਕਸ਼ਨ ਸੂਦ, ਕਿਰਤ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਏ:-

1- ਸ੍ਰੀ ਪੀ.ਰਾਮ, ਆਈ.ਏ.ਐਸ.,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਿਰਤ ਵਿਭਾਗ, ਚੰਡੀਗੜ੍ਹ।

2- ਸ੍ਰੀ ਡੀ.ਕੇ. ਤਿਵਾੜੀ, ਆਈ.ਏ.ਐਸ.,
ਵਿਸ਼ੇਸ਼ ਸਕੱਤਰ, ਵਿੱਤ ਵਿਭਾਗ, ਪੰਜਾਬ।

3- ਸ੍ਰੀ ਰਮਿੰਦਰ ਸਿੰਘ, ਆਈ.ਏ.ਐਸ.,
ਕਿਰਤ ਕਮਿਸ਼ਨਰ, ਪੰਜਾਬ।

4- ਸ੍ਰੀ ਹਰਬੰਸ ਸਚਦੇਵਾ,
ਬੀ-17/147, ਰੇਲਵੇ ਰੋਡ,
ਫਗਵਾੜਾ/ਹੁਸ਼ਿਆਰਪੁਰ।

5- ਸ੍ਰੀ ਕਰਤਾਰ ਸਿੰਘ ਰਠੌਰ,
ਸਿਵਲ ਲਾਈਨਜ਼, ਜੀ.ਟੀ.ਰੋਡ, ਜਲੰਧਰ,
(ਭਾਰਤੀ ਮਜ਼ਦੂਰ ਸੰਘ)।

6- ਸ੍ਰੀ ਊਮਾ ਕਾਂਤ ਤਿਵਾੜੀ,
ਪੰਜਾਬ ਨਾਨ-ਗਜ਼ਟਿਡ ਇੰਮਪਲਾਈਜ਼ ਆਰਗੇਨਾਈਜੇਸ਼ਨ,
ਮਕਾਨ ਨੰਬਰ 502, ਫੇਜ਼-6,
ਮੁਹਾਲੀ।

7- ਸ੍ਰੀ ਜੋਗਿੰਦਰ ਪਾਲ ਸ਼ਰਮਾ,
ਪ੍ਰਧਾਨ, ਟੈਕਸਟਾਈਲ ਭਾਰਤੀ-ਮਜ਼ਦੂਰ ਸੰਘ,
ਪੁਤਲੀਘਰ, ਅੰਮ੍ਰਿਤਸਰ।

8- ਸ੍ਰੀ ਰਵਿੰਦਰ ਸਿੰਘ, ਪ੍ਰਧਾਨ,
ਮੁਲਾਜ਼ਮ ਫਰੰਟ, ਪੰਜਾਬ, ਪਟਿਆਲਾ।

9- ਸ੍ਰੀ ਰਣਜੀਤ ਸਿੰਘ ਭਾਊ,
ਸਾਬਕਾ ਪ੍ਰਧਾਨ, ਨੈਸਲੇ ਇੰਮਪਲਾਈਜ਼ ਯੂਨੀਅਨ,
ਨੈਸਲੇ ਲਿਮਿਟਿਡ, ਮੋਗਾ।

ਸ੍ਰੀ ਪੀ.ਰਾਮ, ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ ਜੀ ਵਲੋਂ ਚੇਅਰਮੈਨ ਜੀ ਦੀ ਇਜ਼ਾਜਤ ਨਾਲ ਮੀਟਿੰਗ ਦੀ ਕਾਰਵਾਈ ਸੁਰੂ ਕੀਤੀ ਗਈ । ਉਨ੍ਹਾਂ ਵਲੋਂ ਸ੍ਰੀ ਰਮਿੰਦਰ ਸਿੰਘ, ਕਿਰਤ ਕਮਿਸ਼ਨਰ ਜੀ ਨੂੰ ਮੈਂਬਰਾਂ ਨੂੰ ਹਰ ਇੱਕ ਮੱਦ ਬਾਰੇ ਸੰਖੇਪ ਵਿੱਚ ਜਾਣੂ ਕਰਾਉਣ ਲਈ ਕਿਹਾ ਗਿਆ।

**ਮੱਦ ਨੰ: 1 : 42ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ:**

ਮਿਤੀ 3-3-08 ਦੀ 42ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ ਅਤੇ ਚੇਅਰਮੈਨ ਜੀ ਵਲੋਂ ਇਹ ਵੀ ਆਦੇਸ਼ ਦਿੱਤੇ ਗਏ ਕਿ ਬੋਰਡ ਦੀ ਤਿਮਾਹੀ ਮੀਟਿੰਗ ਕੀਤੀ ਜਾਇਆ ਕਰੇ ਅਤੇ ਮੀਟਿੰਗ ਸੱਦਣ ਬਾਰੇ 15 ਦਿਨਾਂ ਪਹਿਲਾਂ ਉਨ੍ਹਾਂ ਦੀ ਇਜ਼ਾਜਤ ਲਈ ਜਾਵੇ।

**ਮੱਦ ਨੰ: 2 : ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਮਿਤੀ 3-3-08 ਨੂੰ ਹੋਈ 42ਵੀਂ ਮੀਟਿੰਗ ਦੇ ਫੈਸਲਿਆਂ ਤੇ ਕੀਤੀ ਗਈ ਕਾਰਵਾਈ:**

ਕਿਰਤ ਕਮਿਸ਼ਨਰ ਵਲੋਂ ਇਸ ਮੱਦ ਅਧੀਨ ਉਪ-ਮੱਦ ਵਿੱਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ ਵਿਸਥਾਰਪੂਰਵਕ ਮੈਂਬਰਾਂ ਨੂੰ ਜਾਣੂ ਕਰਵਾਇਆ ਗਿਆ । ਇਸ ਮੱਦ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਫੈਸਲੇ ਲਏ ਗਏ:-

(ੳ) ਕਰਜਿਆਂ ਦੀ ਲੰਬਿਤ ਪਈ ਵਸੂਲੀ ਵਜੋ 3.62 ਲੱਖ ਰੁਪਏ ਦੀ ਰਕਮ ਨੂੰ ਇੱਕੋ ਵਾਰ ਵਿੱਚ ਮੁਆਫ਼ ਕੀਤਾ ਜਾਵੇ ਅਤੇ ਇਸ ਬਾਰੇ ਵੈਲਫੇਅਰ ਕਮਿਸ਼ਨਰ ਨੂੰ ਹਰ ਇੱਕ ਕੇਸ ਤੇ ਵੱਖਰੇ ਵੱਖਰੇ ਤੌਰ ਤੇ ਕਾਰਵਾਈ ਕਰਨ ਦੀ ਜਰੂਰਤ ਨਹੀ ।

(ਅ) ਦਾਨ ਹੇਠ ਆਮਦਨ ਲਈ ਅਲੱਗ ਮੱਦ ਰਖੱਣ ਦੀ ਜਰੂਰਤ ਨਹੀਂ ਹੈ। ਇਸ ਆਮਦਨ ਨੂੰ Misc. head ਹੇਠ ਰੱਖਿਆ ਜਾਵੇ। ਭਵਿੱਖ ਵਿੱਚ ਦਾਨ ਦੀਆਂ ਰਕਮਾਂ ਕੇਵਲ ਜਰੂਰਤਮੰਦ ਕਿਰਤੀਆਂ ਅਤੇ ਉਨ੍ਹਾਂ ਤੇ ਨਿਰਭਰ ਪ੍ਰੀਵਾਰਾਂ ਦੀ ਗੰਭੀਰ ਬੀਮਾਰੀਆਂ ਦੇ ਇਲਾਜ਼ ਲਈ ਹੀ ਲੋੜ ਅਨੁਸਾਰ ਲਈਆਂ ਜਾਣ।

(ੲ) ਬੋਰਡ ਦੇ ਮੁਲਾਜਮਾਂ ਲਈ ਮੋਜੂਦਾ ਤਨਖਾਹ ਢਾਚੇਂ ਨੂੰ ਸਰਕਾਰ ਦੇ ਆਪਣੇ ਮੁਲਾਜ਼ਮਾਂ ਦੇ ਬਰਾਬਰ ਹੀ ਚਲਦੇ ਰਹਿਣ ਦਿੱਤਾ ਜਾਵੇ। ਭਵਿੱਖ ਵਿੱਚ ਅਮਲੇ ਦੀ ਜਰੂਰਤ ਨੂੰ ਨਿਰਧਾਰਤ ( Assessed ) ਕੀਤਾ ਜਾਵੇ ਅਤੇ ਲੋੜ ਅਨੁਸਾਰ ਅਮਲੇ ਦੀ ਭਰਤੀ ਠੇਕਾ ਪ੍ਰਣਾਲੀ (outsources) ਦੇ ਅਧਾਰ ਤੇ ਕੀਤੀ ਜਾਵੇ।

**ਮੱਦ ਨੰ: 3: ਪੰਜਾਬ ਲੇਬਰ ਵੈਲਫੇਅਰ ਬੋਰਡ ਵਿੱਚ ਕਿਰਤ ਭਲਾਈ ਸਕੀਮਾਂ ਲਾਗੂ ਕਰਨ ਬਾਰੇ।**

ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋ ਪਹਿਲਾਂ ਲਾਗੂ ਕੀਤੀਆਂ ਭਲਾਈ ਸਕੀਮਾਂ ਦੇ ਨਾਲ ਨਵੀਆਂ ਤਜ਼ਵੀਜ਼ ਸਕੀਮਾਂ ਦੀ ਕਾਪੀ ਬੋਰਡ ਦੇ ਮੈਂਬਰਾਂ ਵਿੱਚ ਵੰਡੀ ਗਈ। ਸਾਰੀਆਂ ਸਕੀਮਾਂ ਬਾਰੇ ਵੇਰਵੇ ਸਹਿਤ ਵਿਚਾਰ ਵਟਾਂਦਰਾਂ ਕਰਨ ਉਪਰੰਤ ਬੋਰਡ ਵਲੋ ਵਿੱਤੀ ਸਾਲ 2008-09 ਅਤੇ ਅਗੋ ਲਈ ਉਦਯੋਗਿਕ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਹੇਠ ਲਿਖੀਆਂ ਕਿਰਤ ਭਲਾਈ ਸਕੀਮਾਂ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ:-

**(1) ਬਾਈਸਾਈਕਲ, ਸਿਲਾਈ ਮਸ਼ੀਨ, ਪੱਖੇ, ਟੈਲੀਵੀਜ਼ਨ, ਕੰਪਿਊਟਰ ਅਤੇ ਕਣਕ ਦੀ ਖਰੀਦ ਲਈ ਬਿਨਾਂ ਵਿਆਜ਼ ਕਰਜੇ।**

ਬੋਰਡ ਵਲੋਂ ਪੰਜਾਬ ਰਾਜ ਵਿੱਚ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ, 1965 ਅਧੀਨ ਰਜਿਸਟਡ ਅਦਾਰਿਆਂ/ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦੇ ਕਿਰਤੀ ਜਿਹੜੇ ਹਰ ਸਾਧਨ ਤੋਂ 10,000/- ਰੁਪਏ ਪ੍ਰਤੀ ਮਹੀਨਾ ਤੱਕ ਤਨਖਾਹ ਲੈ ਰਹੇ ਹੋਣ ਨੂੰ ਹੇਠ ਲਿਖੀਆਂ ਵਸਤੂਆਂ ਲਈ ਕਰਜੇ ਦੇਣੇ ਪ੍ਰਵਾਨ ਕੀਤੇ ਗਏ:-

| ਵਸਤੂ | ਕਰਜ਼ੇ ਦੀ ਰਕਮ (ਰੁਪਏ) | ਲਾਭਪਾਤਰੀਆਂ ਦੀ ਗਿਣਤੀ | ਮੰਨਜੂਰ ਕੀਤੀ ਰਕਮ (ਰੁਪਏ) | ਸ਼ਰਤਾਂ |
|---|---|---|---|---|
| ਬਾਈਸਾਈਕਲ<br>ਸਿਲਾਈ ਮਸ਼ੀਨ<br>ਪੱਖੇ | 2500/-<br>1000/-<br>800/- | 1000<br>500<br>1000 | 25,00,000/-<br>5,00,000/-<br>8,00,000/- | ੳ) ਕਰਜ਼ੇ ਦੀ ਵਸੂਲੀ ਬਰਾਬਰ 12 ਮਾਸਿਕ ਕਿਸਤਾਂ ਵਿੱਚ ਕੀਤੀ ਜਾਵੇਗੀ।<br>ਅ) ਕਰਜ਼ਿਆਂ ਦੀ ਰਕਮ ਪ੍ਰਬੰਧਕਾਂ ਦੀ ਗਰੰਟੀ ਤੇ ਹੀ ਮੰਨਜੂਰ ਕੀਤੀ ਜਾਵੇਗੀ।<br>ੲ) ਕਰਜ਼ਿਆਂ ਦੀ ਕਿਸ਼ਤਾਂ ਪ੍ਰਬੰਧਕਾਂ ਵਲੋ ਹਰ ਮਹੀਨੇ ਕਿਰਤੀ ਦੀ ਤਨਖਾਹ ਵਿਚੋ ਕੱਟ ਕੇ ਰਕਮ ਬੋਰਡ ਨੂੰ ਭਿਜਵਾਈ ਜਾਵੇਗੀ।<br>ਸ) ਕਿਰਤੀ ਨੂੰ ਵਸਤੂ ਲਈ ਕਰਜ਼ੇ ਦੀ ਮੰਨਜੂਰ ਰਕਮ ਜਾਂ ਅਸਲ ਕੀਮਤ ਜੋ ਵੀ ਘੱਟ ਹੋਵੇ ਦਿੱਤੀ ਜਾਵੇਗੀ। |
| ਟੈਲੀਵੀਜ਼ਨ | 5000/- | 500 | 25,00,000/- | ਕਰਜ਼ੇ ਦੀ ਵਸੂਲੀ 20 ਬਰਾਬਰ ਮਾਸਿਕ ਕਿਸ਼ਤਾਂ ਵਿੱਚ ਪ੍ਰਬੰਧਕਾਂ ਰਾਂਹੀਂ ਕਰਕੇ ਭਿਜਵਾਈ ਜਾਵੇਗੀ। |

| | | | | |
|---|---|---|---|---|
| ਕੰਪਿਊਟਰ | 15000/- | 100 | 15,00,000/- | ਕਰਜ਼ੇ ਦੀ ਵਸੂਲੀ 30 ਬਰਾਬਰ ਮਾਸਿਕ ਕਿਸ਼ਤਾਂ ਵਿੱਚ ਪ੍ਰਬੰਧਕਾਂ ਰਾਂਹੀਂ ਕਰਕੇ ਭਿਜਵਾਈ ਜਾਵੇਗੀ। |
| ਕਣਕ ਐਡਵਾਂਸ | 2500/- | 1000 | 25,00,000/- | ੳ) ਕਣਕ ਦੀ ਖਰੀਦ ਲਈ ਕਰਜ਼ਾ ਰਾਜ ਸਰਕਾਰ ਵਲੋ ਆਪਣੇ ਦਰਜਾ-4 ਮੁਲਾਜਮਾਂ ਲਈ ਮੰਨਜੂਰ ਕੀਤੀ ਜਾਂਦੀ ਰਕਮ ਵਾਂਗ ਹੀ ਮੰਨਜੂਰ ਕੀਤਾ ਜਾਵੇਗਾ।<br><br>ਅ) ਕਰਜ਼ੇ ਦੀ ਵਸੂਲੀ ਬਰਾਬਰ 12 ਮਾਸਿਕ ਕਿਸਤਾਂ ਵਿੱਚ ਕੀਤੀ ਜਾਵੇਗੀ।<br><br>ੲ) ਅਣ-ਸਿਖਿਅਤ (Unskilled) ਕਿਰਤੀਆਂ ਨੂੰ "ਪਹਿਲਾਂ ਆਓ ਅਤੇ ਪਹਿਲਾਂ ਪਾਓ" (First come first serve) ਦੇ ਅਧਾਰ ਤੇ ਕਰਜ਼ੇ ਦੀ ਮੰਨਜ਼ੂਰੀ ਲਈ ਪਹਿਲ ਦਿੱਤੀ ਜਾਵੇਗੀ।<br><br>ਸ) ਇਸ ਕਰਜ਼ੇ ਦੀ ਬੁਕਿੰਗ ਹਰ ਸਾਲ ਮਹੀਨਾ ਮਾਰਚ ਦੇ ਵਿੱਚ ਕੀਤੀ ਜਾਵੇਗੀ। |

ਨੋਟ:- 1) ਉਪਰੋਕਤ ਕਰਜਾ ਸਕੀਮਾਂ ਅਧੀਨ ਜੇਕਰ ਦਰਖਾਸਤਾਂ ਦੀ ਗਿਣਤੀ ਨਿਰਧਾਰਤ ਟੀਚੇ ਤੋ ਵੱਧ ਜਾਂਦੀ ਹੈ ਤਾਂ ਉਸ ਸੂਰਤ ਵਿੱਚ 10,000/- ਰੁਪਏ ਪ੍ਰਤੀ ਮਹੀਨਾ ਤੱਕ ਤਨਖਾਹ ਦੀ ਨਿਰਧਾਰਤ ਸੀਮਾ ਦੀ ਬਜਾਏ ਘੱਟ ਤੋ ਘੱਟ ਤਨਖਾਹ/ਉਜਰਤਾਂ ਲੈ ਰਹੇ ਕਿਰਤੀਆਂ ਨੂੰ ਪਹਿਲ ਦੇ ਅਧਾਰ ਤੇ ਕਰਜ਼ੇ ਮੰਨਜ਼ੂਰ ਕੀਤੇ ਜਾਣਗੇ।

2) ਜਿਹੜਾ ਕਿਰਤੀ ਕਰਜ਼ੇ ਦੀ ਰਕਮ ਵਾਪਸ ਕਰਨ ਵਿੱਚ ਕਸੂਰਵਾਰ (defaulter) ਪਾਇਆ ਗਿਆ ਤਾਂ ਉਸ ਸੂਰਤ ਵਿੱਚ ਦੂਜਾ ਕਰਜ਼ਾ ਨਹੀਂ ਦਿੱਤਾ ਜਾਵੇਗਾ।

3) ਜਿਹੜੇ ਕਿਰਤੀਆਂ ਨੇ ਪਹਿਲਾਂ ਕੋਈ ਕਰਜ਼ੇ ਦੀ ਸਹੂਲਤ ਨਹੀਂ ਲਈ ਹੋਵੇਗੀ, ਉਸ ਨੂੰ ਪਹਿਲ ਦੇ ਅਧਾਰ ਤੇ ਕਰਜ਼ਾ ਮੰਨਜ਼ੂਰ ਕੀਤਾ ਜਾਵੇਗਾ।

4) ਬੋਰਡ ਦੀ ਯੋਗਦਾਨ ਸਕੀਮ ਅਧੀਨ ਕਿਰਤੀ ਲੇਬਰ ਵੈਲਫੇਅਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਹੋਵੇ।

5) ਬਾਕੀ ਸ਼ਰਤਾਂ ਬਰਾਬਰ ਹੁੰਦੇ ਹੋਏ, ਔਰਤਾਂ ਨੂੰ ਪਹਿਲ ਦਿੱਤੀ ਜਾਵੇਗੀ।

## (2) ਉਦਯੋਗਿਕ ਕਿਰਤੀਆਂ ਦੀ ਵਿਧਵਾਵਾਂ ਨੂੰ ਐਕਸਗਰੇਸ਼ੀਆ ਗਰਾਂਟ :

ਬੋਰਡ ਵਲੋ ਉਦਯੋਗਿਕ ਕਿਰਤੀ ਦੀ ਕੰਮ ਕਰਦੇ ਸਮੇਂ ਮੌਤ ਹੋ ਜਾਣ ਤੇ ਉਸ ਦੀ ਵਿਧਵਾ ਨੂੰ ਐਕਸਗਰੇਸ਼ੀਆ ਗਰਾਂਟ ਸਕੀਮ ਹੇਠ ਲਿਖੇ ਅਨੁਸਾਰ ਮੰਨਜ਼ੂਰ ਕੀਤੀ ਜਾਵੇਗੀ :-

| ਐਕਸਗਰੇਸ਼ੀਆ ਦੀ ਰਕਮ | ਲਾਭਪਾਤਰੀਆਂ ਦੀ ਗਿਣਤੀ | ਮੰਨਜ਼ੂਰ ਕੀਤੀ ਰਕਮ (ਰੁਪਏ) | ਸ਼ਰਤਾਂ |
|---|---|---|---|
| 20,000/- | 100 | 20,00,000/- | ੳ) ਕਿਰਤੀ ਦੀ ਤਨਖਾਹ 10,000/-ਰੁਪਏ ਪ੍ਰਤੀ ਮਹੀਨਾ ਤੱਕ ਹੋਣੀ ਚਾਹੀਦੀ ਹੈ ਅਤੇ ਉਹ ਲਗਾਤਾਰ ਲੇਬਰ ਵੈਲਫੇਅਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਹੋਵੇ।<br>ਅ) ਕਿਰਤੀ ਦੀ ਮੌਤ ਹੋਣ ਤੋਂ ਦੋ ਸਾਲ ਦੇ ਅੰਦਰ-ਅੰਦਰ ਉਸ ਦੀ ਵਿਧਵਾ ਵਲੋ ਦਰਖਾਸਤ ਪ੍ਰਾਪਤ ਹੋਣ ਦੀ ਸੂਰਤ ਵਿੱਚ ਐਕਸਗਰੇਸ਼ੀਆ ਗਰਾਂਟ ਮੰਨਜ਼ੂਰ ਕੀਤੀ ਜਾਵੇਗੀ।<br>ੲ) ਕਿਰਤੀ ਦੀ ਮੌਤ ਸਬੰਧੀ ਸਰਟੀਫਿਕੇਟ ਦੀ ਤਸਦੀਕਸੁਦਾ ਫੋਟੋ ਕਾਪੀ ਦਰਖਾਸਤ ਨਾਲ ਲਗਾਉਣੀ ਜਰੂਰੀ ਹੋਵੇਗੀ।<br>ਸ) ਮੰਨਜ਼ੂਰੀ ਪਹਿਲਾ ਆਉ, ਪਹਿਲਾਂ ਪਾਉ ਦੇ ਆਧਾਰ ਤੇ ਹੋਵੇਗੀ। |

## (3)- ਉਦਯੋਗਿਕ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਦੇ ਮੌਕੇ ਤੇ ਵਿੱਤੀ ਸਹਾਇਤਾ/ ਸ਼ਗਨ ਸਕੀਮ ।

ਬੋਰਡ ਵਲੋ ਉਦਯੋਗਿਕ ਕਿਰਤੀਆਂ ਨੂੰ ਲੜਕੀ ਦੀ ਸ਼ਾਦੀ ਦੇ ਮੌਕੇ ਤੇ ਵਿੱਤੀ ਸਹਾਇਤਾ/ਸ਼ਗਨ ਦੇਣ ਬਾਰੇ ਹੇਠ ਅਨੁਸਾਰ ਫੈਸਲਾ ਲਿਆ ਗਿਆ:-

| ਵਿੱਤੀ ਸਹਾਇਤਾ/ਸ਼ਗਨ ਦੀ ਰਾਸ਼ੀ | ਲਾਭਪਾਤਰੀਆਂ ਦੀ ਗਿਣਤੀ | ਮੰਨਜ਼ੂਰ ਕੀਤੀ ਰਕਮ (ਰੁਪਏ) | ਸ਼ਰਤਾਂ |
|---|---|---|---|
| 5100/- | 500 | 2,55,000/- | ੳ) ਕਿਰਤੀ ਦੀ ਤਨਖਾਹ 10,000/- ਰੁਪਏ ਪ੍ਰਤੀ ਮਹੀਨਾ ਤੱਕ ਹੋਣੀ ਚਾਹੀਦੀ ਹੈ ਅਤੇ ਉਹ ਲਗਾਤਾਰ ਲੇਬਰ ਵੈਲਫੇਅਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਹੋਵੇ।<br>ਅ) ਕਿਰਤੀਆਂ ਨੂੰ ਇਹ ਵਿੱਤੀ ਸਹਾਇਤਾ ਕੇਵਲ ਉਸ ਸੂਰਤ ਵਿੱਚ ਦਿੱਤੀ ਜਾਵੇਗੀ ਕਿ ਉਸਨੂੰ ਅਜਿਹੀ ਸਹਾਇਤਾ ਰਾਜ ਸਰਕਾਰ ਜਾਂ ਕਿਸੇ ਹੋਰ ਸੰਸਥਾ ਵਲੋ ਨਹੀਂ ਮਿਲ ਰਹੀ। |

| | | | |
|---|---|---|---|
| | | | ੲ) ਮੰਨਜ਼ੂਰੀ ਪਹਿਲਾ ਆਉ, ਪਹਿਲਾਂ ਪਾਉ ਦੇ ਆਧਾਰ ਤੇ ਹੋਵੇਗੀ। |

(4)- ਉਦਯੋਗਿਕ ਕਿਰਤੀਆਂ ਨੂੰ ਛੁੱਟੀ ਦੌਰਾਨ ਯਾਤਰਾ ਲਈ ਸਹੂਲਤ (**Leave Travel Concession**) ਦੇਣ ਬਾਰੇ।

ਬੋਰਡ ਵਲੋਂ ਉਦਯੋਗਿਕ ਕਿਰਤੀਆਂ ਨੂੰ ਆਪਣੀ ਛੁੱਟੀ ਲੈ ਕੇ ਧਾਰਮਿਕ/ਇਤਿਹਾਸਕ ਆਦਿ ਸਥਾਨਾਂ ਦੀ ਯਾਤਰਾ ਲਈ ਐਲ.ਟੀ.ਸੀ. ਦੀ ਸਹੂਲਤ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤੀ ਗਈ।

| ਐਲ.ਟੀ.ਸੀ. ਦੀ ਰਕਮ (ਰੁਪਏ) | ਲਾਭਪਾਤਰੀਆਂ ਦੀ ਗਿਣਤੀ | ਮੰਨਜ਼ੂਰ ਕੀਤੀ ਰਕਮ (ਰੁਪਏ) | ਸ਼ਰਤਾਂ |
|---|---|---|---|
| 1000/- | 200 | 2,00,000/- | ੳ) ਕਿਰਤੀ ਦੀ ਤਨਖਾਹ 10,000/- ਰੁਪਏ ਪ੍ਰਤੀ ਮਹੀਨਾ ਤੱਕ ਹੋਣੀ ਚਾਹੀਦੀ ਹੈ ਅਤੇ ਉਹ ਲਗਾਤਾਰ ਲੇਬਰ ਵੈਲਫੇਅਰ ਫੰਡ ਵਿੱਚ ਆਪਣੇ ਹਿੱਸੇ ਦਾ ਯੋਗਦਾਨ ਦੇ ਰਿਹਾ ਹੋਵੇ।<br>ਅ) ਕਿਰਤੀ ਨੂੰ ਦਰਖਾਸਤ ਨਾਲ ਕੀਤੀ ਗਈ ਯਾਤਰਾ ਸਬੰਧੀ ਹਲਫੀਆ ਬਿਆਨ ਦੇਣਾ ਹੋਵੇਗਾ ਜਿਸ ਦੀ ਕਿ ਪ੍ਰਬੰਧਕਾਂ ਵਲੋਂ ਪੁਸ਼ਟੀ ਕਰਨੀ ਜਰੂਰੀ ਹੋਵੇਗੀ।<br>ੲ) ਮੰਨਜ਼ੂਰੀ ਪਹਿਲਾ ਆਉ, ਪਹਿਲਾਂ ਪਾਉ ਦੇ ਆਧਾਰ ਤੇ ਹੋਵੇਗੀ। |

(5)- ਉਦਯੋਗਿਕ ਕਿਰਤੀਆਂ ਦੇ ਬੱਚਿਆਂ ਨੂੰ ਵਿਦਿਅਕ ਯੋਗਤਾਵਾਂ ਲਈ ਵਜੀਫੇ :

ਇਸ ਮੱਦ ਦੇ ਹਰ ਇੱਕ ਪਹਿਲੂ ਤੇ ਮੈਂਬਰਾਂ ਵਲੋਂ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਵੈਲਫੇਅਰ ਕਮਿਸਨਰ ਨੂੰ ਅਧਿਕਾਰ ਦਿੱਤੇ ਗਏ ਕਿ ਉਹ ਹਰਿਆਣਾ ਲੇਬਰ ਵੈਲਫੇਅਰ ਬੋਰਡ ਵਲੋਂ ਅਪਣਾਈ ਹੋਈ ਵਜੀਫਾ ਸਕੀਮ ਦੇ ਅਧਾਰ ਤੇ ਪੰਜਾਬ ਲੇਬਰ ਵੈਲਫੇਅਰ ਬੋਰਡ ਵਿੱਚ ਵਜੀਫਾ ਸਕੀਮ ਲਾਗੂ ਕਰਨ ਸਬੰਧੀ ਇੱਕ ਲਾਹੇਵੰਦ ਤਜਵੀਜ਼ ਤਿਆਰ ਕਰਕੇ ਚੇਅਰਮੈਨ ਨੂੰ ਪੇਸ਼ ਕਰਨਗੇ ਜਿਸ ਨੂੰ ਪ੍ਰਵਾਨ ਕਰਨ ਲਈ ਚੇਅਰਮੈਨ ਨੂੰ ਪੂਰਨ ਅਧਿਕਾਰ ਦਿੱਤੇ ਗਏ।

ਮੱਦ ਨੰ: 4: ਬੋਰਡ ਦੇ ਸੇਵਾ ਨਿਵਿਰਤ/ਮੌਤ ਹੋ ਜਾਣ ਉਪਰੰਤ ਕਰਮਚਾਰੀਆਂ ਨੂੰ ਮਹੀਨਾ 10/2001 ਤੋ 2/2008 ਤੱਕ ਦੇ ਲੰਬਿਤ [illegible] ਤਨਖਾਹਾਂ ਦੇ ਬਕਾਏ ਦੀ ਅਦਾਇਗੀ ਪਹਿਲ ਦੇ ਅਧਾਰ ਤੇ ਕਰਨ ਬਾਰੇ।

ਇਹ ਫੈਸਲਾ ਲਿਆ ਗਿਆ ਕਿ ਸੇਵਾ ਨਿਵਿਰਤ/ਮੌਤ ਉਪਰੰਤ ਉਨ੍ਹਾਂ ਦੇ ਮਹੀਨਾ 10/2001 ਤੋ 2/2008 ਤੱਕ ਰਹਿੰਦੇ ਤਨਖਾਹਾਂ ਦੇ ਬਕਾਏ ਦੀ ਅਦਾਇਗੀ ਦੋ ਕਿਸ਼ਤਾਂ ਵਿੱਚ ਕੀਤੀ ਜਾਵੇ (ਪਹਿਲੀ ਕਿਸ਼ਤ ਮਿਤੀ 30-9-08 ਤੱਕ ਅਤੇ ਦੂਜੀ ਕਿਸ਼ਤ ਮਿਤੀ 31-3-09 ਤੱਕ) ।

ਮੱਦ ਨੰ: 5: ਪੰਜਾਬ ਲੇਬਰ ਵੈਲਫੇਅਰ ਫੰਡ ਲਈ ਰਕਮਾਂ ਇਕੱਤਰ ਕਰਨ ਬਦਲੇ ਸਹਾਇਕ ਕਿਰਤ ਕਮਿਸ਼ਨਰਾਂ/ਕਿਰਤ ਤੇ ਸੁਲਾਹ ਅਫ਼ਸਰਾਂ ਦੇ ਦਫਤਰਾਂ ਲਈ ਇਨਸੈਨਟਿਵ ਦੇਣ ਬਾਰੇ।

ਇਹ ਮੱਦ ਪ੍ਰਵਾਨ ਨਹੀਂ ਕੀਤੀ ਗਈ।

ਮੱਦ ਨੰ: 6: ਪੰਜਾਬ ਲੇਬਰ ਵੈਲਫੇਅਰ ਫੰਡ ਵਿੱਚ ਕਿਰਤੀਆਂ/ਪ੍ਰਬੰਧਕਾਂ ਦੇ ਯੋਗਦਾਨ ਵਿੱਚ ਵਾਧਾ ਕਰਨ ਕਰਨ ਬਾਰੇ।

ਪੰਜਾਬ ਲੇਬਰ ਵੈਲਫੇਅਰ ਫੰਡ ਐਕਟ, 1965 ਵਿੱਚ ਕੀਤੀ ਗਈ ਤਰਮੀਮ ਉਪਰੰਤ ਕਿਰਤੀਆਂ/ਪ੍ਰਬੰਧਕਾਂ ਵਲੋ ਦਿੱਤੀ ਜਾ ਰਹੀ ਯੋਗਦਾਨ ਦੀ ਮੌਜੂਦਾ 1/- ਰੁਪਏ ਅਤੇ 2/- ਰੁਪਏ ਦੀ ਰਕਮ ਨੂੰ ਵਧਾ ਕੇ 2/- ਰੁਪਏ ਅਤੇ 4/- ਰੁਪਏ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਅਤੇ ਇਹ ਵੀ ਫੈਸਲਾ ਕੀਤਾ ਗਿਆ ਕਿਉਂਜੋ ਅਜਿਹਾ ਵਾਧਾ ਕਰਨ ਬਾਰੇ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ ਵਿੱਚ ਮੁੜ ਸੋਧ ਕਰਾਉਣ ਦੀ ਜਰੂਰਤ ਹੈ। ਇਸ ਲਈ ਸੋਧ ਸਬੰਧੀ ਤਜਵੀਜ਼ ਤਿਆਰ ਕਰਕੇ ਸਰਕਾਰ ਦੀ ਪ੍ਰਵਾਨਗੀ ਲਈ ਭੇਜੀ ਜਾਵੇ।ਅੱਗੇ ਤੋਂ ਹਰ ਦੋ ਸਾਲ ਬਾਦ ਇਨ੍ਹਾਂ ਰੇਟਾਂ ਵਿਚ ਰੈਗੂਲਰ ਤੌਰ ਤੇ ਵਾਧਾ ਕੀਤਾ ਜਾਇਆ ਕਰੇਗਾ।